‘ਤੂੰ ਕਿੱਲ ਗੱਡੇਂ ਹਮ ਫੁੱਲ ਬੀਜੇਂ’

ਮਹਿਕਾਂ ਦੇ ਨਾਲ ਭਰੀਆਂ ਸੜਕਾਂ ।

ਤੂੰ ਲੁੱਟੇਂ ਨਿਹੱਥੇ ਕੁੱਟੇਂ

ਲਹੂ ਦੇ ਨਾਲ ਭਰੀਆਂ ਸੜਕਾਂ

ਗਰਮੀ ਸਰਦੀ ਤਨ ਤੇ ਸਹਿ ਗਏ

ਦਰਦ ਦੁਆ ਨਾਲ ਭਰੀਆਂ ਸੜਕਾਂ

ਸਾਰੇ ਧਰਮ ਇਕਮਿਕ ਹੋਏ

ਮਾਨਵਤਾ ਨਾਲ ਭਰੀਆਂ ਸੜਕਾਂ

ਮਾਨਵਵਾਦ ਧਰਮ ਚਲਾਇਆ

ਸ਼ਾਂਤ ਰੰਗ ਨਾਲ ਭਰੀਆਂ ਸੜਕਾਂ ।

ਲੋਕ ਲਹਿਰ ਦਾ ਪਰਚਮ ਝੁੱਲਿਆ

ਕਿਸਾਨਾਂ ਨਾਲ ਭਰੀਆਂ ਸੜਕਾਂ ।

ਮਾਰ ਛਾਲ ਸਿੰਘ ਚੜ੍ਹ ਗਿਆ

ਜਲ-ਤੋਪਾਂ ਆਈਆਂ ਨਾ ਡਰੀਆਂ ਸੜਕਾਂ ।

ਰੋਕਾਂ ਟੋਕਾਂ ਤਾਰਾਂ ਲੋਹ-ਕੰਧਾਂ

ਦਿੱਲੀ ਜਾਣ ਲਈ ਭਰੀਆਂ ਸੜਕਾਂ ।

ਪੂਰੇ ਟੋਏ ਤੋੜੀਆਂ ਰੋਕਾਂ

ਟਰੈਕਟਰ ਘੂਰੇ ਡਰੀਆਂ ਸੜਕਾਂ ।

ਲਾਲ ਕਿਲ੍ਹਾ ਵੀ ਜਿੱਤ ਮਾਰਿਆ

ਹੈਰਤ ਦੇ ਨਾਲ ਭਰੀਆਂ ਸੜਕਾਂ ।

ਹੱਕ ਲੈਣੇ ਅਖਾੜਾ ਬਣੀਆਂ

ਵਿੱਦਿਆ ਦੇ ਨਾਲ ਭਰੀਆਂ ਸੜਕਾਂ ।

‘ਤੂੰ ਕਿੱਲ ਗੱਡੇਂ ਹਮ ਫੁੱਲ ਬੀਜੇਂ’

ਮਹਿਕਾਂ ਦੇ ਨਾਲ ਭਰੀਆਂ ਸੜਕਾਂ ।


- ਪਿਆਰਾ ਸਿੰਘ ਕੁੱਦੋਵਾਲ pskudowal@yahoo.com

- 01/12/2022

ਲੋਕ ਰੋਹ ਨੇ ਤੋੜੇ ਬੈਰੀਕੇਢ